# ਨਫ਼ਰਤ/ਵਿਤਕਰੇ ਦੀ ਰਿਪੋਰਟ ਕਰੋ

ਕਮਿਊਨਿਟੀ ਮੈਂਬਰਾਂ ਨੇ Washington State Commission on Asian Pacific American Affairs (CAPAA) ਨੂੰ COVID-19 ਮਹਾਂਮਾਰੀ ਦੇ ਦੌਰਾਨ Asian and Pacific Islander (API) ਦੇ ਵੰਸ਼ਜਾਂ ਨੂੰ ਨਫ਼ਰਤ ਦਾ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਬਾਰੇ ਦੱਸਿਆ ਹੈ। ਬਦਕਿਸਮਤੀ ਨਾਲ, CAPAA ਕੇਸ ਉਤੇ ਕੰਮ ਨਹੀਂ ਕਰਦਾ, ਅਤੇ ਨਾ ਹੀ ਅਸੀਂ ਕਾਨੂੰਨੀ ਸਲਾਹ ਦੇ ਸਕਦੇ ਹਾਂ। ਅਸੀਂ ਨਫ਼ਰਤ ਭਰੀਆਂ ਹਰਕਤਾਂ ਦਾ ਸਾਹਮਣਾ ਕਰਨ ਵਾਲੇ ਸਾਰੇ ਪੀੜਤਾਂ ਨੂੰ ਹੇਠ ਲਿਖੀਆਂ ਕਾਰਵਾਈਆਂ ਕਰਨ ਦੀ ਅਪੀਲ ਕਰਦੇ ਹਾਂ:

**ਜੇ ਜਰੂਰੀ ਹੋਵੇ ਤਾਂ ਡਾਕਟਰੀ ਸਹਾਇਤਾ ਲਓ।**

**ਘਟਨਾ ਹੋਣ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਅਪਰਾਧ ਦੇ ਸਾਰੇ ਵੇਰਵੇ ਲਿਖੋ।** ਅਪਰਾਧੀ[ਆਂ] ਦੇ ਲਿੰਗ, ਉਮਰ, ਕੱਦ, ਨਸਲ, ਭਾਰ, ਕੱਪੜੇ ਅਤੇ ਹੋਰ ਵੱਖਰੀਆਂ ਵਿਸ਼ੇਸ਼ਤਾਵਾਂ ਵੀ ਲਿਖੋ। ਜੇ ਕੋਈ ਧਮਕੀ ਜਾਂ ਪੱਖਪਾਤੀ ਟਿੱਪਣੀਆਂ ਕੀਤੀਆਂ ਗਈਆਂ ਸਨ, ਤਾਂ ਉਨ੍ਹਾਂ ਨੂੰ ਰਿਪੋਰਟ ਵਿਚ ਲਿਖੋ।

**ਰਿਪੋਰਟ ਬਣਾਓ।** ਆਪਣੀ ਸਥਾਨਕ ਕਾਨੂੰਨ ਲਾਗੂ ਕਰਨ ਵਾਲੀ ਸੰਸਥਾ ਨੂੰ ਘਟਨਾ ਦੀ ਜਾਣਕਾਰੀ ਦਿਓ। ਜੇ ਪੀੜਤ ਲੋਕ ਪੁਲਿਸ ਕੋਲ ਨਹੀਂ ਜਾਣਾ ਚਾਹੁੰਦੇ, ਤਾਂ ਆਪਣੇ ਖੇਤਰ ਵਿੱਚ ਸਥਾਨਕ ਸਿਵਲ ਅਧਿਕਾਰ/ਮਨੁੱਖੀ ਅਧਿਕਾਰ ਟਾਸਕ ਫੋਰਸ ਨੂੰ ਇੱਕ ਰਿਪੋਰਟ ਸਬਮਿਟ ਕਰੋ)। ਇੱਥੋਂ ਤਕ ਕਿ ਜੇ ਕੋਈ ਘਟਨਾ ਨਫ਼ਰਤ ਦੇ ਅਪਰਾਧ ਦੀ ਕਾਨੂੰਨੀ ਪਰਿਭਾਸ਼ਾ ਨੂੰ ਪੂਰਾ ਨਹੀਂ ਵੀ ਕਰਦੀ, ਤਾਂ ਵੀ ਇਸ ਦੀ ਢੁਕਵੀਂ ਸੰਸਥਾ ਨੂੰ ਰਿਪੋਰਟ ਕਰਨਾ ਜ਼ਰੂਰੀ ਹੈ। ਕਿਰਪਾ ਕਰਕੇ ਹੇਠਾਂ ਦਿੱਤੀ ਜਾਣਕਾਰੀ ਵੇਖੋ।

ਰਾਜ, ਕਾਉਂਟੀ ਅਤੇ ਸ਼ਹਿਰੀ ਸਰਕਾਰਾਂ ਅਤੇ ਹੋਰ ਸੰਗਠਨਾਂ ਵਿਖੇ ਅਕਸਰ ਨਫ਼ਰਤ ਅਤੇ ਵਿਤਕਰੇ ਦੀਆਂ ਕਾਰਵਾਈਆਂ ਦੀ ਰਿਪੋਰਟ ਕਰਨ ਲਈ ਜਗ੍ਹਾ ਹੁੰਦੀ ਹੈ, ਪਰੰਤੂ ਇਹ ਇਥੋਂ ਤੱਕ ਸੀਮਿਤ ਨਹੀਂ ਹੈ, ਸਰੋਤਾਂ ਨੂੰ ਹੇਠਾਂ ਦਿੱਤਾ ਗਿਆ ਹੈ:

- Washington State Human Rights Commission
  ਕਾਨੂੰਨ ਦੇ ਤਹਿਤ, ਹਰ ਕਿਸੇ ਨੂੰ ਕੰਮ, ਘਰ, ਜਨਤਕ ਰਿਹਾਇਸ਼ ਵਿੱਚ, ਜਾਂ ਕ੍ਰੈਡਿਟ ਅਤੇ ਬੀਮਾ ਦੀ ਮੰਗ ਕਰਨ ਲਈ ਵਿਤਕਰੇ ਤੋਂ ਮੁਕਤ ਹੋਣ ਦਾ ਅਧਿਕਾਰ ਹੈ। ਕੋਈ ਵੀ ਵਿਅਕਤੀ ਜੋ ਇਹ ਮੰਨਦਾ/ਮੰਨਦੀ ਹੈ ਕਿ ਉਸ ਨਾਲ ਸੁਰੱਖਿਅਤ ਵਰਗ ਦੀ ਸਥਿਤੀ ਦੇ ਅਧਾਰ ਤੇ ਵਿਤਕਰਾ ਕੀਤਾ ਗਿਆ ਹੈ, ਉਹ ਮਾਲਕ, ਮਕਾਨ ਦੇਣ ਵਾਲੇ ਅਤੇ ਕਾਰੋਬਾਰਾਂ ਉਤੇ ਵਿਤਕਰੇ ਦਾ ਦੋਸ਼ ਲਗਾ ਸਕਦਾ/ਸਕਦੀ ਹੈ।

- King County Office of Civil Rights
  ਇਸ ਦਫ਼ਤਰ ਕੋਲ ਕੇਵਲ ਕਿੰਗ ਕਾਉਂਟੀ ਸਰਕਾਰ ਅਤੇ ਕਿੰਗ ਕਾਉਂਟੀ (ਸ਼ਹਿਰਾਂ ਦੇ ਬਾਹਰ) ਦੇ ਗੈਰ-ਸੰਗ੍ਰਹਿਤ ਹਿੱਸਿਆਂ ਵਿੱਚ ਮਾਲਕਾਂ, ਰਿਹਾਇਸ਼ੀ ਪ੍ਰਦਾਤਾਵਾਂ ਅਤੇ ਕਾਰੋਬਾਰਾਂ ਲਈ ਵਿਤਕਰੇ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਦਾ ਅਧਿਕਾਰ ਹੈ।

- Seattle Office for Civil Rights
  ਇਹ ਦਫਤਰ ਕਾਨੂੰਨਾਂ ਨੂੰ ਕਾਇਮ ਰੱਖਦਾ ਹੈ ਜੋ ਤੁਹਾਨੂੰ ਸੀਏਟਲ ਸ਼ਹਿਰ ਦੀਆਂ ਸੀਮਾਵਾਂ ਦੇ ਅੰਦਰ ਰਿਹਾਇਸ਼, ਰੁਜ਼ਗਾਰ, ਜਾਂ ਜਨਤਕ ਥਾਵਾਂ 'ਤੇ ਪੱਖਪਾਤੀ ਪਰੇਸ਼ਾਨੀ ਤੋਂ ਬਚਾਉਂਦੇ ਹਨ।

- Spokane Police Department: ਨਫ਼ਰਤ ਅਤੇ ਪੱਖਪਾਤੀ ਅਪਰਾਧ ਦੀ ਰਿਪੋਰਟ ਕਰਨਾ
  ਇਸ ਪੇਜ ਵਿੱਚ ਨਫ਼ਰਤ ਸੰਬੰਧੀ ਅਪਰਾਧ ਕੀ ਹੈ, ਅਤੇ ਇਸਦੀ ਕਿਵੇਂ ਰਿਪੋਰਟ ਕੀਤੀ ਜਾਵੇ ਬਾਰੇ ਜਾਣਕਾਰੀ ਸ਼ਾਮਲ ਹੈ।

- City of Spokane's Human Rights Commission
  ਜੇ ਤੁਸੀਂ ਸਪੋਕੇਨ ਸ਼ਹਿਰ ਵਿੱਚ ਰਹਿੰਦੇ ਹੋ ਤਾਂ ਇਹ ਸੰਪਰਕ ਕਰਨ ਦਾ ਉਚਿਤ ਬਿੰਦੂ ਹੈ। ਇਸ ਪੇਜ ਵਿੱਚ ਵੱਖ ਵੱਖ ਕਿਸਮਾਂ ਦੀਆਂ ਸ਼ਿਕਾਇਤਾਂ ਬਾਰੇ ਜਾਣਕਾਰੀ ਸ਼ਾਮਲ ਹੈ।

- Spokane County Human Rights Task Force ਵਿਤਕਰਾ ਘਟਨਾ ਰਿਪੋਰਟ ਫਾਰਮ
  ਜੇ ਤੁਸੀਂ ਸਪੋਕਨ ਕਾਉਂਟੀ ਵਿੱਚ ਕਿਤੇ ਹੋਰ ਰਹਿੰਦੇ ਹੋ ਤਾਂ ਇਹ ਸੰਪਰਕ ਕਰਨ ਦਾ ਇਹ ਉਚਿਤ ਬਿੰਦੂ ਹੈ।

ਕੀ ਚਲ ਰਿਹਾ ਹੈ ਅਤੇ ਨੀਤੀ ਨੂੰ ਆਕਾਰ ਦੇਣ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਹੇਠ ਲਿਖੀਆਂ ਸੰਸਥਾਵਾਂ ਨੂੰ ਘਟਨਾ ਦੀ ਰਿਪੋਰਟ ਕਰੋ। ਤੁਸੀਂ ਇੱਥੇ ਜਾ ਸਕਦੇ ਹੋ:

- ਵਿਤਕਰੇ ਖਿਲਾਫ਼ ਖੜ੍ਹੇ ਹੋਵੋ
  Asian Americans Advancing Justice ਪੱਖਪਾਤ ਦੀਆਂ ਘਟਨਾਵਾਂ ਦਾ ਪਤਾ ਲਗਾ ਰਿਹਾ ਹੈ। ਤੁਸੀਂ ਜੋ ਅਨੁਭਵ ਕੀਤਾ ਹੈ ਜਾਂ ਵੇਖਿਆ ਹੈ ਉਸਨੂੰ ਸਾਂਝਾ ਕਰਕੇ, ਤੁਸੀਂ ਜਨਤਾ ਨੂੰ ਜਾਗਰੂਕ ਕਰ ਸਕਦੇ ਹੋ, ਦੂਜਿਆਂ ਨੂੰ ਸ਼ਕਤੀਸ਼ਾਲੀ ਬਣਾ ਸਕਦੇ ਹੋ, ਸੇਵਾ ਪ੍ਰਦਾਤਾ ਨੂੰ ਦੱਸ ਸਕਦੇ ਹੋ ਕਿ ਕਿੱਥੇ ਮਦਦ ਦੀ ਲੋੜ ਹੈ, ਅਤੇ ਵਿਤਕਰੇ ਦੇ ਅਪਰਾਧਾਂ ਦੀ ਪ੍ਰਤੀਕ੍ਰਿਆਵਾਂ ਅਤੇ ਰੋਕਥਾਮ ਲਈ ਵਕਾਲਤ ਦੇ ਯਤਨਾਂ ਨੂੰ ਮਜ਼ਬੂਤ ਬਣਾ ਸਕਦੇ ਹੋ। ਫਾਰਮ ਅੰਗ੍ਰੇਜ਼ੀ, ਚੀਨੀ (ਰਵਾਇਤੀ ਅਤੇ ਸਧਾਰਨ), ਕੋਰੀਅਨ ਅਤੇ ਵੀਅਤਨਾਮੀ ਭਾਸ਼ਾ ਵਿਚ ਉਪਲਬਧ ਹਨ।

- AAPI ਵਿਤਕਰਾ ਘਟਨਾ ਫਾਰਮ
  OCA – Asian Pacific American Advocates, Asian Americans and Pacific Islanders (AAPIs) ਦੀ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤੰਦਰੁਸਤੀ ਨੂੰ ਵਧਾਉਣ ਲਈ ਸਮਰਪਿਤ ਹਨ। ਇਸ ਫਾਰਮ ਦੇ ਜ਼ਰੀਏ ਵਿਤਕਰੇ ਦੀਆਂ ਘਟਨਾਵਾਂ ਜਮ੍ਹਾਂ ਕਰਾਉਣ ਨਾਲ ਸਾਨੂੰ OCA - Asian Pacific American Advocates ਨੂੰ ਪੂਰੇ ਦੇਸ਼ ਵਿੱਚ AAPIs ਪ੍ਰਤੀ ਵਿਤਕਰੇ ਦੀ ਨਿਗਰਾਨੀ ਕਰਨ ਵਿਚ ਮਦਦ ਮਿਲੇਗੀ।

- AAPI ਵਿਤਕਰਾ ਰੋਕੋ
  Asian Pacific Policy and Planning Council (A3PCON) ਅਤੇ Chinese for Affirmative Action (CAA) ਨੇ ਕਮਿਉਨਿਟੀ ਮੈਂਬਰਾਂ ਨੂੰ ਆਪਣੀ ਅਨੁਭਵ ਕੀਤੀ ਵਿਤਕਰੇ ਦੀਆਂ ਘਟਨਾਵਾਂ ਬਾਰੇ ਦੱਸਣ ਲਈ ਇਹ ਰਿਪੋਰਟਿੰਗ ਸੈਂਟਰ ਲਾਂਚ ਕੀਤਾ ਹੈ। ਨਿੱਜੀ ਪਛਾਣ ਵੇਰਵੇ ਸਮੇਤ ਵਿਅਕਤੀਗਤ ਜਾਣਕਾਰੀ ਨੂੰ ਗੁਪਤ ਰੱਖਿਆ ਜਾਵੇਗਾ ਅਤੇ ਸਿਰਫ ਅਨੁਮਤੀ ਲੈਕੇ ਹੀ ਸਾਂਝਾ ਕੀਤਾ ਜਾਵੇਗਾ। ਕੁਲ ਮਿਲਾ ਕੇ, ਜਾਣਕਾਰੀ ਸਹਾਇਤਾ, ਵਕਾਲਤ ਅਤੇ ਸਿੱਖਿਆ ਲਈ ਵਰਤੀ ਜਾਏਗੀ। ਫਾਰਮ ਅੰਗ੍ਰੇਜ਼ੀ, ਵੀਅਤਨਾਮੀ, ਚੀਨੀ, ਕੋਰੀਅਨ, ਖਮੇਰ, ਥਾਈ ਅਤੇ ਜਪਾਨੀ ਭਾਸ਼ਾ ਵਿਚ ਉਪਲਬਧ ਹਨ।

ਅੰਤ ਵਿੱਚ, Human Rights Campaign (HRC) ਕੋਲ ਵਿਤਕਰੇ ਦੇ ਅਪਰਾਧਾਂ ਦੇ ਪੀੜਤਾਂ ਲਈ ਇੱਕ ਗਾਈਡ ਹੈ: ਕੀ ਕਰੀਏ ਜੇ ਤੁਸੀਂ ਵਿਤਕਰੇ ਦੇ ਅਪਰਾਧ ਦਾ ਸ਼ਿਕਾਰ ਹੋ ਗਏ ਹੋ।